# आ गया पौणाहारी

ਆ ਗਿਆ ਪੌਣਾਹਾਰੀ

ਆ ਗਿਆ, ਪੌਣਾਹਾਰੀ, ਮੇਰਾ ਆ ਗਿਆ ਦੁੱਧਾਧਾਰੀ ।
ਆ ਗਿਆ, ਝੋਲੀਆਂ ਵਾਲਾ,
ਮੇਰਾ ਆ ਗਿਆ, ਚਿਮਟਿਆਂ ਵਾਲਾ ।
ਕਰਕੇ ਮੋਰ ਸਵਾਰੀ, ਮੇਰਾ ਆ ਗਿਆ, ਪੌਣਾਹਾਰੀ,
ਆ ਗਿਆ, ਪੌਣਾਹਾਰੀ..........

ਦਰਸ਼ਨ, ਕਰ ਲਓ, ਝੋਲੀਆਂ ਭਰ ਲਓ ।
ਮੂੰਹ ਮੰਗੇ, ਜੋਗੀ ਤੋਂ ਵਰ ਲਓ ॥
ਸਾਰੇ ਹੀ, ਵਾਰੋ ਵਾਰੀ, ਮੇਰਾ ਆ ਗਿਆ ਪੌਣਾਹਾਰੀ,
ਆ ਗਿਆ, ਪੌਣਾਹਾਰੀ...........

ਜੋਤ, ਜਗਾਈ, ਧੂਫ ਧੁਖਾਈ ।
ਮੂਰਤ, ਫੁੱਲਾਂ, ਨਾਲ ਸਜਾਈ ॥
ਲੱਗਦੀ, ਬੜੀ ਪਿਆਰੀ, ਮੇਰਾ ਆ ਗਿਆ ਪੌਣਾਹਾਰੀ,
ਆ ਗਿਆ, ਪੌਣਾਹਾਰੀ..........

ਭਰਥਰੀ, ਰਾਜਾ, ਨਾਲ ਹੈ ਆਏ ।
ਭਾਗਾਂ, ਵਾਲਿਆਂ, ਦਰਸ਼ਨ ਪਾਏ ॥
ਝੁੱਕਦੀ, ਦੁਨੀਆਂ ਸਾਰੀ, ਮੇਰਾ ਆ ਗਿਆ ਪੌਣਾਹਾਰੀ,
ਆ ਗਿਆ, ਪੌਣਾਹਾਰੀ............

ਨਾਮ, ਓਹਦੇ ਦਾ, ਧੂਣਾ ਲਾਇਆ ।
ਰੋਟ, ਮਣੀ, ਪ੍ਰਸ਼ਾਦ ਬਣਾਇਆ ॥
ਸੋਹਣੀ, ਓਹਦਾ ਪੁਜਾਰੀ, ਮੇਰਾ ਆ ਗਿਆ ਪੌਣਾਹਾਰੀ,
ਆ ਗਿਆ, ਪੌਣਾਹਾਰੀ........... ।

ਅਪਲੋਡਰ- ਅਨਿਲਰਾਮੂਰਤੀਭੋਪਾਲ
ਪ੍ਰੀਤ ਨਗਰ ਹੁਸ਼ਿਆਰਪੁਰ

https://bhajanganga.com/bhajan/lyrics/id/33226/title/Aa-Gaya-Paunahari

अपने Android मोबाइल पर BhajanGanga App डाउनलोड करें और भजनों का आनंद ले |